# ਸੰਸਦ ਨੇ ਆਮ ਬਜਟ 2024-25 ਅਤੇ ਜੰਮੂ-ਕਸ਼ਮੀਰ ਦੇ ਬਜਟ ਨੂੰ ਮਨਜ਼ੂਰੀ ਦਿਤੀ

**ਨਵੀਂ ਦਿੱਲੀ, 8 ਅਗੱਸਤ :** ਸੰਸਦ ਨੇ ਵੀਰਵਾਰ ਨੂੰ ਆਮ ਬਜਟ 2024-25, ਜੰਮੂ ਅਤੇ ਕਸ਼ਮੀਰ ਦੇ ਬਜਟ 2024-25 ਅਤੇ ਉਨ੍ਹਾਂ ਨਾਲ ਸਬੰਧਤ ਵਿਨਿਯੋਜਨ ਬਿਲਾਂ ਨੂੰ ਮਨਜ਼ੂਰੀ ਦੇ ਦਿਤੀ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਰਾਜ ਸਭਾ ਵਿਚ ਵਿੱਤ ਬਿੱਲ 2024-25 ਅਤੇ ਜੰਮੂ-ਕਸ਼ਮੀਰ ਨਾਲ ਸਬੰਧਤ ਵਿਨਿਯੋਜਨ ਬਿੱਲ 'ਤੇ ਹੋਈ ਸਾਂਝੀ ਚਰਚਾ ਦਾ ਜਵਾਬ ਦਿਤਾ, ਜਿਸ ਤੋਂ ਬਾਅਦ ਉੱਚ ਸਦਨ ਨੇ ਉਨ੍ਹਾਂ ਨੂੰ ਆਵਾਜ਼ ਵੋਟ ਰਾਹੀਂ ਲੋਕ ਸਭਾ ਵਿਚ ਵਾਪਸ ਕਰ ਦਿਤਾ। ਲੋਕ ਸਭਾ ਨੇ ਬੁਧਵਾਰ ਨੂੰ 'ਵਿੱਤ (ਨੰਬਰ 2) ਬਿੱਲ, 2024 ਨੂੰ 45 ਸਰਕਾਰੀ ਸੋਧਾਂ ਨਾਲ ਆਵਾਜ਼ ਵੋਟ ਨਾਲ ਪਾਸ ਕਰ ਦਿਤਾ। ਇਸ ਬਾਰੇ ਅੱਜ ਰਾਜ ਸਭਾ ਵਿਚ ਚਰਚਾ ਹੋਈ ਪਰ ਉੱਚ ਸਦਨ ਨੂੰ ਸੰਵਿਧਾਨ ਅਨੁਸਾਰ ਕਿਸੇ ਵੀ 'ਮਨੀ ਬਿੱਲ' ਨੂੰ ਰੱਦ ਕਰਨ ਦਾ ਅਧਿਕਾਰ ਨਹੀਂ ਹੈ ਅਤੇ ਉਹ ਅਜਿਹੇ ਬਿਲਾਂ ਨੂੰ ਸਿਰਫ਼ ਵਾਪਸ ਕਰ ਸਕਦਾ ਹੈ।





ਉਪਰਲੇ ਸਦਨ ਵਿਚ ਵਿੱਤ ਬਿੱਲ 'ਤੇ ਚਰਚਾ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਪੇਂਡੂ ਵਿਕਾਸ ਸਮੇਤ ਆਰਥਿਕਤਾ ਦੇ ਸਾਰੇ ਮਹੱਤਵਪੂਰਨ ਖੇਤਰਾਂ ਲਈ ਬਜਟ ਪ੍ਰਬੰਧਾਂ ਵਿਚ ਕਾਫੀ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਬਜਟ ਵਿਚ ਕਿਸੇ ਵੀ ਖੇਤਰ ਨਾਲ ਸਮਝੌਤਾ ਕੀਤੇ ਬਿਨਾਂ ਭਲਾਈ ਕੰਮਾਂ, ਵਿੱਤੀ ਖ਼ਰਚੇ ਅਤੇ ਪੂੰਜੀਗਤ ਖ਼ਰਚੇ ਦੇ ਫ਼ੰਡਾਂ ਵਿਚ ਸੰਤੁਲਨ ਕਾਇਮ ਕੀਤਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਵਲੋਂ 2021 ਵਿਚ ਵਿੱਤੀ ਘਾਟੇ ਨੂੰ ਘੱਟ ਕਰਨ ਦੇ ਟੀਚੇ ਦਾ ਵੀ ਇਸ ਬਜਟ ਵਿਚ ਪੂਰਾ ਧਿਆਨ ਰਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਬਜਟ ਵਿਚ ਵਿਕਾਸ ਪ੍ਰੋਜੈਕਟਾਂ ਲਈ ਲੋੜੀਂਦੀ ਵਿੱਤੀ ਵਿਵਸਥਾ ਕੀਤੀ ਹੈ ਅਤੇ ਖੇਤਰੀ ਇੱਛਾਵਾਂ ਨੂੰ ਵੀ ਪੂਰਾ ਕੀਤਾ ਹੈ।

ਵਿੱਤ ਮੰਤਰੀ ਸੀਤਾਰਮਨ ਨੇ 23 ਜੁਲਾਈ ਨੂੰ ਲੋਕ ਸਭਾ ਵਿਚ ਨਰਿੰਦਰ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦਾ ਪਹਿਲਾ ਕੇਂਦਰੀ ਬਜਟ ਪੇਸ਼ ਕੀਤਾ ਸੀ। **(ਏਜੰਸੀ)**

# ਮੋਹਾਲੀ ਏਅਰਪੋਰਟ ਤੋਂ ਕੌਮਾਂਤਰੀ ਉਡਾਨਾਂ ਵਧਾਈਆਂ ਜਾਣ : ਮਾਲਵਿੰਦਰ ਸਿੰਘ ਕੰਗ

**ਨਵੀਂ ਦਿੱਲੀ, 8 ਅਗੱਸਤ :** ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਨੇ ਅੱਜ ਲੋਕ ਸਭਾ ਵਿਚ ਇੱਕ ਬਿੱਲ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਨਾਂਮ 'ਤੇ ਬਣੇ ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਮੋਹਾਲੀ ਤੋਂ ਅੰਤਰਰਾਸ਼ਟਰੀ ਉਡਾਨਾਂ ਦੀ ਗਿਣਤੀ ਵਧਾਈ ਜਾਵੇ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਫ਼ਾਇਦਾ ਮਿਲ ਸਕੇ।




'ਆਪ' ਸੰਸਦ ਨੇ ਲੋਕ ਸਭਾ 'ਚ ਕੀਤੀ ਮੰਗ

ਸੰਸਦ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇੱਕ ਮੀਡੀਆ ਗਰੁੱਪ ਦੇ ਸਰਵੈ ਅਨੁਸਾਰ ਪੰਜਾਬ ਤੋਂ 25 ਪ੍ਰਤੀਸ਼ਤ ਯਾਤਰੀ ਵੱਖ-ਵੱਖ ਦੇਸ਼ਾਂ ਵਿਚ ਜਾਣ ਲਈ ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡਾ ਦਿੱਲੀ ਵਿਖੇ ਰੋਜ਼ਾਨਾ 10 ਹਜ਼ਾਰ ਟੈਕਸੀਆਂ ਰਾਹੀਂ ਕਰੋੜ ਰੁਪਇਆ ਖ਼ਰਚ ਕਰਕੇ ਲੋਕ ਪਹੁੰਚਦੇ ਹਨ । ਉਨ੍ਹਾਂ ਕਿਹਾ ਕਿ ਜੇਕਰ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਤੋਂ ਕੇਂਦਰ ਸਰਕਾਰ ਇੰਟਰਨੈਸ਼ਨਲ ਉਡਾਨਾਂ ਵਿਚ ਵਾਧਾ ਕਰ ਦੇਵੇ ਤਾਂ ਚੰਡੀਗੜ੍ਹ ਤੋਂ ਦਿੱਲੀ ਤੱਕ ਦੀ ਸੜਕੀ ਆਵਾਜਾਈ ਵਿਚ ਵੀ ਫ਼ਰਕ ਪਵੇਗਾ।

ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਵੱਖ-ਵੱਖ ਦੇਸ਼ਾਂ ਤੋਂ ਲੋਕ ਪੰਜਾਬ ਵਿਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ , ਸ੍ਰੀ ਚਮਕੌਰ ਸਾਹਿਬ, ਮਾਤਾ ਨੈਨਾ ਦੇਵੀ, ਵੈਸ਼ਨੂੰ ਦੇਵੀ ਆਦਿ 'ਤੇ ਨਤਮਸਤਕ ਹੋਣ ਅਤੇ ਵਿਦੇਸ਼ ਵਿਚ ਮਹਿੰਗੇ ਇਲਾਜ਼ ਹੋਣ ਕਾਰਨ ਲੋਕ ਇਲਾਜ਼ ਕਰਵਾਉਣ ਲਈ ਪੰਜਾਬ ਆਉਂਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਇਹ ਵੱਡੀ ਡਿਮਾਂਡ ਹੈ ਕਿ ਕੇਂਦਰ ਸਰਕਾਰ ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਤੋਂ ਇੰਟਰਨੈਸ਼ਨਲ ਉਡਾਨਾਂ ਵਿਚ ਵਾਧਾ ਕਰਕੇ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਅਤੇ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ ਵੱਡੀ ਰਾਹਤ ਦੇਵੇ। **(ਏਜੰਸੀ)**

## ਕੇਜਰੀਵਾਲ ਦੀ ਨਿਆਂਇਕ ਹਿਰਾਸਤ 'ਚ 20 ਅਗੱਸਤ ਤਕ ਵਾਧਾ



**ਨਵੀਂ ਦਿੱਲੀ, 8 ਅਗੱਸਤ :** ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਨੇ ਆਬਕਾਰੀ ਨੀਤੀ ਦੇ ਘਪਲੇ ਨਾਲ ਜੁੜੇ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਆਇਕ ਹਿਰਾਸਤ 20 ਅਗੱਸਤ ਤਕ ਵਧਾ ਦਿਤੀ ਹੈ। ਉਨ੍ਹਾਂ ਨੂੰ ਤਿਹਾੜ ਜੇਲ ਤੋਂ ਵੀਡੀਉ ਕਾਨਫ਼ਰੰਸਿੰਗ ਰਾਹੀਂ ਪੇਸ਼ ਕੀਤਾ ਗਿਆ ਸੀ। ਕੇਜਰੀਵਾਲ ਨੂੰ ਈ.ਡੀ. ਨੇ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਤੋਂ ਬਾਅਦ ਰਾਊਜ਼ ਐਵੇਨਿਊ ਕੋਰਟ ਨੇ ਉਨ੍ਹਾਂ ਨੂੰ ਹਿਰਾਸਤ 'ਚ ਭੇਜ ਦਿਤਾ ਸੀ। ਉਨ੍ਹਾਂ ਵਿਰੁਧ ਦੂਜਾ ਮਾਮਲਾ ਸੀ.ਬੀ.ਆਈ. ਦਾ ਹੈ। ਜਿਸ 'ਚ ਉਨ੍ਹਾਂ ਨੂੰ 26 ਜੂਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਦਸਣਯੋਗ ਹੈ ਕਿ 10 ਜੁਲਾਈ ਨੂੰ ਅਦਾਲਤ ਨੇ ਈਡੀ ਦੀ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਕੇਜਰੀਵਾਲ ਨੂੰ ਪੇਸ਼ ਹੋਣ ਦਾ ਹੁਕਮ ਦਿਤਾ ਸੀ। 17 ਮਈ ਨੂੰ ਈਡੀ ਨੇ 7ਵੀਂ ਪੂਰਕ ਚਾਰਜਸ਼ੀਟ ਦਾਇਰ ਕੀਤੀ ਸੀ ਜਿਸ 'ਚ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਨੂੰ ਦੋਸ਼ੀ ਬਣਾਇਆ ਗਿਆ ਹੈ। ਇਸ ਮਾਮਲੇ ਵਿਚ ਹੁਣ ਤਕ 18 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ, ਬੀ. ਆਰ. ਐਸ ਨੇਤਾ ਕੇ ਕਵਿਤਾ ਸ਼ਾਮਲ ਹਨ। ਇਸ 'ਚ ਸੁਪਰੀਮ ਕੋਰਟ ਨੇ ਸੰਜੇ ਸਿੰਘ ਨੂੰ ਨਿਯਮਤ ਜ਼ਮਾਨਤ ਦੇ ਦਿਤੀ ਹੈ। ਈਡੀ ਨੇ 21 ਮਾਰਚ ਨੂੰ ਦੇਰ ਸ਼ਾਮ ਨੂੰ ਅਰਵਿੰਦ ਕੇਜਰੀਵਾਲ ਨੂੰ ਪੁਛ-ਗਿਛ ਮਗਰੋਂ ਗ੍ਰਿਫ਼ਤਾਰ ਕਰ ਲਿਆ ਸੀ।

## ਇਕ ਨਜ਼ਰ...

### ਭਾਰਤ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ 100 ਤੋਂ ਵੱਧ ਬੰਗਲਾਦੇਸ਼ੀ ਬੀਐਸਐਫ਼ ਨੇ ਰੋਕੇ

**ਨਵੀਂ ਦਿੱਲੀ, 8 ਅਗੱਸਤ :** ਸਰਹੱਦੀ ਸੁਰੱਖਿਆ ਫੋਰਸ (ਬੀ.ਐਸ.ਐਫ.) ਨੇ ਗੁਆਂਢੀ ਦੇਸ਼ ਵਿਚ ਅਸ਼ਾਂਤੀ ਦੇ ਕਾਰਨ ਜਾਰੀ 'ਹਾਈ ਅਲਰਟ' ਦਰਮਿਆਨ ਪਛਮੀ ਬੰਗਾਲ 'ਚ ਅੰਤਰਰਾਸ਼ਟਰੀ ਸਰਹੱਦ (ਆਈਬੀ) ਤੋਂ ਬੰਗਲਾਦੇਸ਼ੀਆਂ ਦੇ ਇਕ ਵੱਡੇ ਸਮੂਹ ਦੀ ਘੁਸਪੈਠ ਦੀ ਕੋਸ਼ਿਸ਼ ਨੂੰ ਅਸਫ਼ਲ ਕਰ ਦਿਤਾ। ਬੀਐਸਐਫ਼ ਨੇ ਬੁਧਵਾਰ ਨੂੰ ਇਹ ਜਾਣਕਾਰੀ ਦਿਤੀ। ਅਧਿਕਾਰੀ ਨੇ ਦਸਿਆ ਕਿ ਬੀਐਸਐਫ਼ ਨੇ ਕਰੀਬ 120-140 ਬੰਗਲਾਦੇਸ਼ੀ ਨਾਗਰਿਕਾਂ ਦੇ ਇਕ ਸਮੂਹ ਨੂੰ ਰੋਕਿਆ, ਜੋ ਪਛਮੀ ਬੰਗਾਲ 'ਚ ਅੰਤਰਰਾਸ਼ਟਰੀ ਸਰਹੱਦ ਪਾਰ ਕਰ ਕੇ ਭਾਰਤੀ ਸਰਹੱਦ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਅਧਿਕਾਰੀਆਂ ਮੁਤਾਬਕ ਇਸ ਹਫ਼ਤੇ ਦੀ ਸ਼ੁਰੂਆਤ 'ਚ ਢਾਕਾ ਵਿਚ ਸ਼ੇਖ ਹਸੀਨਾ ਸਰਕਾਰ ਦੇ ਪਤਨ ਦੇ ਬਾਅਦ ਤੋਂ ਹੀ ਸੁਰੱਖਿਆ ਫੋਰਸ 'ਹਾਈ ਅਲਰਟ' 'ਤੇ ਹੈ। ਅਧਿਕਾਰੀਆਂ ਨੇ ਦਸਿਆ ਕਿ ਇਹ ਘਟਨਾ ਦਾਰਜੀਲਿੰਗ ਦੇ ਕਦਮਤਲਾ 'ਚ ਸਥਿਤ ਬੀ.ਐਸ.ਐਫ਼. ਦੇ ਹੈੱਡ ਕੁਆਰਟਰ ਦੇ ਅਧਿਕਾਰ ਖੇਤਰ ਵਿਚ 2 ਥਾਵਾਂ 'ਤੇ ਦਿਨ 'ਚ ਵਾਪਰੀ।

ਉਨ੍ਹਾਂ ਦਸਿਆ ਕਿ ਬੀ.ਐਸ.ਐਫ਼. ਦੇ ਫ਼ੀਲਡ ਕਮਾਂਡਰਾਂ ਨੇ ਬਾਰਡਰ ਗਾਰਡ ਬੰਗਲਾਦੇਸ਼ (ਬੀ.ਜੀ.ਬੀ.) ਦੇ ਅਪਣੇ ਹਮਰੁਤਬਾ ਨਾਲ ਸੰਪਰਕ ਕੀਤਾ ਅਤੇ ਔਰਤਾਂ ਤੇ ਬੱਚਿਆਂ ਨਾਲ ਆਏ 120-140 ਲੋਕਾਂ ਦੇ ਇਸ ਸਮੂਹ ਨੂੰ ਰੋਕਿਆ ਗਿਆ ਅਤੇ ਉਨ੍ਹਾਂ ਨੂੰ ਵਾਪਸ ਜਾਣ ਲਈ ਕਿਹਾ ਗਿਆ। ਅਧਿਕਾਰੀਆਂ ਨੇ ਦਸਿਆ ਕਿ ਸਰਹੱਦ 'ਤੇ ਸਥਿਤੀ ਕੰਟਰੋਲ ਵਿਚ ਹੈ। ਬੀ.ਐਸ.ਐਫ਼. ਪਛਮੀ ਬੰਗਾਲ ਦੇ ਉੱਤਰ ਦਿਨਾਜਪੁਰ, ਦਾਰਜੀਲਿੰਗ, ਜਲਪਾਈਗੁੜੀ ਅਤੇ ਕੂਚਬਿਹਾਰ ਜ਼ਿਲ੍ਹਿਆਂ ਸਮੇਤ ਕੁੱਲ 4,096 ਕਿਲੋਮੀਟਰ ਲੰਬੀ ਭਾਰਤ-ਬੰਗਲਾਦੇਸ਼ ਅੰਤਰਰਾਸ਼ਟਰੀ ਸਰਹੱਦ ਦੇ 932.39 ਕਿਲੋਮੀਟਰ ਹਿੱਸੇ ਦੀ ਰਖਿਆ ਕਰਦੀ ਹੈ। **(ਏਜੰਸੀ)**

# ਨੌਕਰੀ ਲਈ ਫ਼ਰਜ਼ੀ ਸਰਟੀਫ਼ਿਕੇਟ ਦੇਣ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ ਕੀਤਾ ਜਾ ਸਕਦੈ ਬਰਖ਼ਾਸਤ: ਕੇਂਦਰ

**ਨਵੀਂ ਦਿੱਲੀ, 8 ਅਗੱਸਤ :** ਸਰਕਾਰ ਨੇ ਵੀਰਵਾਰ ਨੂੰ ਕਿਹਾ ਕਿ ਮੌਜੂਦਾ ਨਿਰਦੇਸ਼ਾਂ ਦੇ ਅਨੁਸਾਰ ਕਿਸੇ ਸਰਕਾਰੀ ਕਰਮਚਾਰੀ ਨੂੰ ਨਿਯੁਕਤੀ ਲੈਣ ਲਈ ਗ਼ਲਤ ਜਾਣਕਾਰੀ ਦੇਣ ਜਾਂ ਝੂਠਾ ਸਰਟੀਫ਼ਿਕੇਟ ਪੇਸ਼ ਕਰਨ 'ਤੇ ਬਰਖ਼ਾਸਤ ਕੀਤਾ ਜਾ ਸਕਦਾ ਹੈ।

ਕੇਂਦਰੀ ਅਮਲਾ ਰਾਜ ਮੰਤਰੀ ਜਿਤੇਂਦਰ ਸਿੰਘ ਨੇ ਰਾਜ ਸਭਾ ਵਿਚ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਇਹ ਜਾਣਕਾਰੀ ਦਿਤੀ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ 'ਤੇ ਸਰਕਾਰੀ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਜਾਅਲੀ ਜਾਤੀ ਸਰਟੀਫ਼ਿਕੇਟਾਂ ਦੇ ਆਧਾਰ 'ਤੇ ਨੌਕਰੀਆਂ ਮਿਲਣ ਦੀਆਂ ਸ਼ਿਕਾਇਤਾਂ ਮਿਲਦੀਆਂ ਹਨ, ਜੋ ਆਮ ਤੌਰ 'ਤੇ ਸਬੰਧਤ ਮੰਤਰਾਲਿਆਂ/ ਵਿਭਾਗਾਂ ਨੂੰ ਢੁਕਵੀਂ ਕਾਰਵਾਈ ਲਈ ਭੇਜੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ, "ਮੌਜੂਦਾ ਹਦਾਇਤਾਂ ਅਨੁਸਾਰ, ਜੇਕਰ ਇਹ ਪਾਇਆ ਜਾਂਦਾ ਹੈ ਕਿ ਕਿਸੇ ਸਰਕਾਰੀ ਕਰਮਚਾਰੀ ਨੇ ਨਿਯੁਕਤੀ ਲੈਣ ਲਈ ਗ਼ਲਤ ਜਾਣਕਾਰੀ ਦਿਤੀ ਹੈ ਜਾਂ ਗ਼ਲਤ ਸਰਟੀਫ਼ਿਕੇਟ ਪੇਸ਼ ਕੀਤਾ, ਤਾਂ ਉਸ ਨੂੰ ਨੌਕਰੀ 'ਤੇ ਬਰਕਰਾਰ ਨਹੀਂ ਰਖਿਆ ਜਾਣਾ ਚਾਹੀਦਾ।"



ਮੰਤਰੀ ਨੇ ਕਿਹਾ ਕਿ ਜਦੋਂ ਨਿਯੁਕਤੀ ਅਥਾਰਟੀ ਨੂੰ ਪਤਾ ਲਗਦਾ ਹੈ ਕਿ ਕਿਸੇ ਕਰਮਚਾਰੀ ਨੇ ਜਾਅਲੀ ਜਾਤੀ ਸਰਟੀਫ਼ਿਕੇਟ ਤਿਆਰ ਕੀਤਾ ਹੈ, ਤਾਂ ਉਹ ਸਬੰਧਤ ਸੇਵਾ ਨਿਯਮਾਂ ਦੇ ਉਪਬੰਧਾਂ ਅਨੁਸਾਰ ਅਜਿਹੇ ਕਰਮਚਾਰੀ ਨੂੰ ਨੌਕਰੀ ਤੋਂ ਹਟਾਉਣ ਜਾਂ ਬਰਖ਼ਾਸਤ ਕਰਨ ਲਈ ਕਾਰਵਾਈ ਸ਼ੁਰੂ ਕਰਦਾ ਹੈ।

ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐੱਸਸੀ) ਨੇ ਹਾਲ ਹੀ ਵਿਚ ਪ੍ਰੋਬੇਸ਼ਨਰੀ ਆਈਏਐੱਸ ਅਧਿਕਾਰੀ ਪੂਜਾ ਖੇਦਕਰ ਦੀ ਅਸਥਾਈ ਉਮੀਦਵਾਰੀ ਨੂੰ ਰੱਦ ਕਰ ਦਿਤਾ ਸੀ ਅਤੇ ਉਸ ਨੂੰ ਉਸ ਦੀ ਯੋਗਤਾ ਤੋਂ ਵੱਧ ਸਿਵਲ ਸੇਵਾਵਾਂ ਦੀ ਕੋਸ਼ਿਸ਼ ਕਰਨ ਲਈ ਭਵਿੱਖ ਦੀਆਂ ਸਾਰੀਆਂ ਪ੍ਰੀਖਿਆਵਾਂ ਤੋਂ ਰੋਕ ਦਿਤਾ ਗਿਆ ਸੀ। ਉਸ 'ਤੇ ਅਪੰਗਤਾ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਕੋਟੇ ਦੀ ਦੁਰਵਰਤੋਂ ਕਰਨ ਦਾ ਵੀ ਦੋਸ਼ ਹੈ। ਸਿੰਘ ਨੇ ਕਿਹਾ ਕਿ ਜਾਤੀ/ਕਮਿਊਨਿਟੀ ਸਰਟੀਫ਼ਿਕੇਟ ਜਾਰੀ ਕਰਨ ਅਤੇ ਤਸਦੀਕ ਕਰਨ ਦੀ ਜ਼ਿੰਮੇਵਾਰੀ ਸਬੰਧਤ ਰਾਜ ਸਰਕਾਰਾਂ ਦੀ ਹੈ। **(ਏਜੰਸੀ)**

## ਵਾਇਨਾਡ ਜ਼ਮੀਨ ਖਿਸਕਣ ਦੇ ਮਾਮਲੇ 'ਚ ਕੇਰਲ ਹਾਈ ਕੋਰਟ ਨੇ ਦਰਜ ਕੀਤਾ ਮਾਮਲਾ

**ਕੋਚੀ, 8 ਅਗੱਸਤ :** ਕੇਰਲ ਹਾਈ ਕੋਰਟ ਨੇ ਵੀਰਵਾਰ ਨੂੰ ਵਾਇਨਾਡ ਦੇ ਮੁੰਡਕਈ ਅਤੇ ਚੂਰਲਮਾਲਾ ਖੇਤਰਾਂ ਵਿਚ 30 ਜੁਲਾਈ ਨੂੰ ਹੋਏ ਭਾਰੀ ਜ਼ਮੀਨ ਖਿਸਕਣ ਦੇ ਸਬੰਧ ਵਿਚ ਕੇਸ ਦਰਜ ਕੀਤਾ ਹੈ। ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 226 ਲੋਕਾਂ ਦੀ ਮੌਤ ਹੋ ਗਈ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ। ਜਸਟਿਸ ਏ ਕੇ ਜੈਸ਼ੰਕਰਨ ਨਾਂਬਿਆਰ ਅਤੇ ਵੀਐਮ ਸ਼ਿਆਮ ਕੁਮਾਰ ਦੇ ਬੈਂਚ ਨੇ ਅਦਾਲਤ ਦੇ ਰਜਿਸਟਰਾਰ ਜਨਰਲ ਨੂੰ ਮੀਡੀਆ ਰਿਪੋਰਟਾਂ ਦੇ ਆਧਾਰ 'ਤੇ ਕੇਸ ਦਰਜ ਕਰਨ ਦਾ ਨਿਰਦੇਸ਼ ਦਿਤਾ ਹੈ। ਡਿਵੀਜ਼ਨ ਬੈਂਚ ਸ਼ੁਕਰਵਾਰ ਸਵੇਰੇ ਇਸ ਮਾਮਲੇ 'ਤੇ ਵਿਚਾਰ ਕਰੇਗੀ। ਅਧਿਕਾਰੀਆਂ ਮੁਤਾਬਕ 30 ਜੁਲਾਈ ਨੂੰ ਮੁੰਡਕਈ ਅਤੇ ਚੂਰਲਮਾਲਾ 'ਚ ਜ਼ਮੀਨ ਖਿਸਕਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 226 ਹੋ ਗਈ ਹੈ। ਸਥਾਨਕ ਪ੍ਰਸ਼ਾਸਨ ਵਲੋਂ ਬੁਧਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ 138 ਲੋਕ ਅਜੇ ਵੀ ਲਾਪਤਾ ਹਨ। **(ਏਜੰਸੀ)**

# ਸਦਨ ਦੀ ਸਥਾਈ ਕਮੇਟੀ ਕੋਲ ਭੇਜਿਆ ਜਾਵੇ ਵਕਫ਼ ਸੋਧ ਬਿੱਲ : ਮਾਇਆਵਤੀ

**ਲਖਨਊ, 8 ਅਗੱਸਤ :** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਕੇਂਦਰ ਸਰਕਾਰ ਵਲੋਂ ਸੰਸਦ 'ਚ ਪੇਸ਼ ਵਕਫ਼ (ਸੋਧ) ਬਿੱਲ ਨੂੰ ਲੈ ਕੇ ਪੈਦਾ ਖਦਸ਼ਿਆਂ ਅਤੇ ਇਤਰਾਜਾਂ 'ਤੇ ਬਿਹਤਰ ਵਿਚਾਰ ਲਈ ਇਸ ਨੂੰ ਸਦਨ ਦੀ ਸਥਾਈ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ ਹੈ।

ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਹਾ,"ਕੇਂਦਰ ਅਤੇ ਉੱਤਰ ਪ੍ਰਦੇਸ਼ ਸਰਕਾਰ ਵਲੋਂ ਮਸਜਿਦ, ਮਦਰਸਾ, ਵਕਫ਼ ਆਦਿ ਮਾਮਲਿਆਂ 'ਚ ਜਬਰਦਸਤੀ ਦੀ ਦਖ਼ਲਅੰਦਾਜ਼ੀ ਅਤੇ ਮੰਦਰ ਤੇ ਮੱਠ ਵਰਗੇ ਧਾਰਮਕ ਮਾਮਲਿਆਂ 'ਚ ਬੇਹੱਦ ਦਿਲਚਸਪੀ ਲੈਣਾ ਸੰਵਿਧਾਨ ਅਤੇ ਉਸ ਦੀ ਧਰਮਨਿਰਪੱਖਤਾ ਦੇ ਸਿਧਾਂਤ ਦੇ ਉਲਟ ਹੈ। ਸਰਕਾਰ ਰਾਸ਼ਟਰਧਰਮ ਨਿਭਾਏ।"

ਉਨ੍ਹਾਂ ਨੇ ਇਸੇ ਪੋਸਟ 'ਚ ਕਿਹਾ,"ਮੰਦਰ-ਮਸਜਿਦ, ਜਾਤੀ, ਧਰਮ ਅਤੇ ਫ਼ਿਰਕੂ ਜਨੂੰਨ ਆਦਿ ਦੀ ਆੜ 'ਚ ਕਾਂਗਰਸ ਅਤੇ ਭਾਜਪਾ ਆਦਿ ਨੇ ਬਹੁਤ ਰਾਜਨੀਤੀ ਕਰ ਲਈ



ਅਤੇ ਉਸ ਦਾ ਚੋਣ ਲਾਭ ਵੀ ਕਾਫੀ ਚੁੱਕ ਲਿਆ ਪਰ ਹੁਣ ਦੇਸ਼ 'ਚ ਖ਼ਤਮ ਹੋ ਰਹੇ ਰਾਖਵਾਂਕਰਨ, ਗ਼ਰੀਬੀ, ਬੇਰੁਜ਼ਗਾਰੀ, ਮਹਿੰਗਾਈ, ਪਿਛੜਾਪਨ ਆਦਿ 'ਤੇ ਧਿਆਨ ਕੇਂਦਰਿਤ ਕਰ ਕੇ ਸੱਚੀ ਦੇਸ਼ਭਗਤੀ ਸਾਬਿਤ ਕਰਨ ਦਾ ਸਮਾਂ ਆ ਗਿਆ ਹੈ।"

ਮਾਇਆਵਤੀ ਨੇ ਕਿਹਾ,"ਅੱਜ ਸੰਸਦ 'ਚ ਪੇਸ਼ ਵਕਫ਼ (ਸੋਧ) ਬਿੱਲ 'ਤੇ ਜਿਸ ਤਰ੍ਹਾਂ ਨਾਲ ਇਸ ਨੂੰ ਲੈ ਕੇ ਸ਼ੱਕ ਅਤੇ ਇਤਰਾਜ ਸਾਹਮਣੇ ਆਏ ਹਨ, ਉਸ ਦੇ ਮੱਦੇਨਜ਼ਰ ਇਸ ਬਿੱਲ ਨੂੰ ਬਿਹਤਰ ਵਿਚਾਰ ਲਈ ਸਦਨ ਦੀ ਸਥਾਈ ਕਮੇਟੀ ਨੂੰ ਭੇਜਣਾ ਉੱਚਿਤ। ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਸਰਕਾਰ ਜੇਕਰ ਜਲਦਬਾਜ਼ੀ ਨਾ ਕਰੇ ਤਾਂ ਬਿਹਤਰ ਹੋਵੇਗਾ।" **(ਏਜੰਸੀ)**

# ਨੀਟ-ਪੀਜੀ ਪ੍ਰੀਖਿਆ ਮੁਲਤਵੀ ਕਰਨ ਦੀ ਪਟੀਸ਼ਨ 'ਤੇ ਅੱਜ ਸੁਣਵਾਈ ਕਰੇਗਾ ਸੁਪ੍ਰੀਮ ਕੋਰਟ

**ਨਵੀਂ ਦਿੱਲੀ, 8 ਅਗੱਸਤ :** ਸੁਪ੍ਰੀਮ ਕੋਰਟ ਨੇ ਵੀਰਵਾਰ ਨੂੰ ਕਿਹਾ ਕਿ ਮੈਡੀਕਲ ਦੇ ਪੋਸਟ ਗਰੈਜੂਏਟ 'ਚ ਦਾਖ਼ਲੇ ਲਈ 11 ਅਗੱਸਤ ਨੂੰ ਤੈਅ ਰਾਸ਼ਟਰੀ ਯੋਗਤਾ ਸਹਿ ਪ੍ਰਵੇਸ਼ ਪ੍ਰੀਖਿਆ (ਨੀਟ-ਪੀਜੀ) 2024 'ਚ 'ਕੁਝ ਵਿਹਾਰਕ ਮੁਸ਼ਕਲਾਂ' ਕਾਰਨ ਮੁਲਤਵੀ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਸ਼ੁਕਰਵਾਰ ਨੂੰ ਸੁਣਵਾਈ ਕਰੇਗਾ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਪਟੀਸ਼ਨਕਰਤਾ ਵਿਸ਼ਾਲ ਸੋਰੇਨ ਅਤੇ ਹੋਰ ਦੇ ਐਡਵੋਕੇਟ ਅਨਸ ਤਨਵੀਰ ਵਲੋਂ ਮਾਮਲੇ ਦਾ ਜ਼ਿਕਰ ਕਰਦੇ ਹੋਏ ਜਲਦ ਸੁਣਵਾਈ ਦੀ ਗੁਹਾਰ ਸਵੀਕਾਰ ਕੀਤੀ ਅਤੇ 9 ਅਗੱਸਤ ਲਈ ਸੂਚੀਬੱਧ ਕਰਨ ਦਾ ਨਿਰਦੇਸ਼ ਦਿਤਾ। ਚੀਫ਼ ਜਸਟਿਸ ਨੇ ਸੁਪ੍ਰੀਮ ਕੋਰਟ ਦੀ ਰਜਿਸਟਰੀ ਦਾ ਨਿਰਦੇਸ਼ ਦਿਤਾ, "ਕਿਰਪਾ ਇਸ ਨੂੰ ਕੱਲ੍ਹ ਸੂਚੀਬੱਧ ਕਰੋ।"




ਸੋਰੇਨ ਵਲੋਂ ਦਾਇਰ ਪਟੀਸ਼ਨ ਦਲੀਲ ਦਿਤੀ ਗਈ ਹੈ ਕਿ ਉਮੀਦਵਾਰਾਂ ਨੂੰ ਅਜਿਹੇ ਸਮੇਂ 'ਤੇ ਅਜਿਹੇ ਸ਼ਹਿਰਾਂ ਵਿਚ ਪ੍ਰੀਖਿਆ ਕੇਂਦਰ ਅਲਾਟ ਕੀਤੇ ਗਏ ਹਨ, ਜਿੱਥੇ ਪਹੁੰਚਣਾ ਉਨ੍ਹਾਂ ਲਈ ਬੇਹੱਦ ਮੁਸ਼ਕਲ ਹੋ ਰਿਹਾ ਹੈ। ਉਨ੍ਹਾਂ ਨੂੰ ਅਪਣੇ ਪ੍ਰੀਖਿਆ ਕੇਂਦਰਾਂ ਤਕ ਪਹੁੰਚਣ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪ੍ਰੀਖਿਆ ਸ਼ਹਿਰਾਂ ਦੀ ਅਲਾਟਮੈਂਟ 31 ਜੁਲਾਈ ਨੂੰ ਕੀਤੀ ਗਈ ਅਤੇ ਪ੍ਰੀਖਿਆ ਕੇਂਦਰਾਂ ਦਾ ਐਲਾਨ 8 ਅਗੱਸਤ ਨੂੰ ਕੀਤਾ ਜਾਣਾ ਹੈ। ਇਸ ਤਰ੍ਹਾਂ ਉਮੀਦਵਾਰਾਂ ਨੂੰ 11 ਅਗੱਸਤ ਨੂੰ ਪ੍ਰੀਖਿਆ ਲਈ ਸੰਬੰਧਤ ਕੇਂਦਰਾਂ ਤਕ ਪਹੁੰਚਣ ਲਈ ਬਹੁਤ ਘੱਟ ਸਮਾਂ ਦਿਤਾ ਗਿਆ। ਇਸ ਤੋਂ ਇਲਾਵਾ ਪ੍ਰੀਖਿਆ ਵਿਚ 2 ਸ਼ਿਫਟਾਂ ਆਯੋਜਤ ਕੀਤੀਆਂ ਜਾਣੀਆਂ ਹਨ। ਇੰਨਾ ਹੀ ਨਹੀਂ ਸਾਮਾਨੀਕਰਨ ਸਮੇਤ ਹੋਰ ਫਾਰਮੂਲੇ ਬਾਰੇ ਉਮੀਦਵਾਰਾਂ ਨੂੰ ਕੁਝ ਵੀ ਪਤਾ ਨਹੀਂ ਹੈ। ਇਸ ਕਾਰਨ ਪਟੀਸ਼ਨਕਰਤਾਵਾਂ ਨੂੰ ਕਈ ਤਰ੍ਹਾਂ ਖਦਸ਼ੇ ਹੋ ਰਹੇ ਹਨ। **(ਏਜੰਸੀ)**

## ਕੇਜਰੀਵਾਲ ਦੇ ਘਰ ਪਹੁੰਚੇ ਊਧਵ ਠਾਕਰੇ, ਸੁਨੀਤਾ ਕੇਜਰੀਵਾਲ ਨਾਲ ਕੀਤੀ ਮੁਲਾਕਾਤ



**ਨਵੀਂ ਦਿੱਲੀ, 8 ਅਗੱਸਤ :** ਸ਼ਿਵ ਸੈਨਾ (ਯੂਬੀਟੀ) ਮੁਖੀ ਊਧਵ ਠਾਕਰੇ ਨੇ ਵੀਰਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਜਾ ਕੇ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਬੇਟੇ ਆਦਿਤਿਆ ਠਾਕਰੇ ਅਤੇ ਪਾਰਟੀ ਦੇ ਸੀਨੀਅਰ ਨੇਤਾ ਸੰਜੇ ਰਾਊਤ ਵੀ ਸਨ। ਠਾਕਰੇ ਦੀ ਸੁਨੀਤਾ ਕੇਜਰੀਵਾਲ ਨਾਲ ਮੁਲਾਕਾਤ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਅਤੇ ਰਾਘਵ ਚੱਢਾ ਵੀ ਮੌਜੂਦ ਸਨ। ਕੇਜਰੀਵਾਲ ਦੀ 'ਆਪ' ਅਤੇ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ (ਯੂਬੀਟੀ) ਵਿਰੋਧੀ ਗਠਜੋੜ 'ਇੰਡੀਅਨ ਨੈਸ਼ਨਲ ਡੈਵਲਪਮੈਂਟਲ ਇੰਕਲੂਸਿਵ ਅਲਾਇੰਸ' (ਇੰਡੀਆ) ਦੀ ਘਟਕ ਹੈ।

ਸ਼ਿਵ ਸੈਨਾ (ਯੂਬੀਟੀ) ਮੁਖੀ ਵਿਰੋਧੀ ਗਠਜੋੜ ਦੇ ਆਗੂਆਂ ਨੂੰ ਮਿਲਣ ਅਤੇ ਮਹਾਰਾਸ਼ਟਰ, ਹਰਿਆਣਾ ਅਤੇ ਝਾਰਖੰਡ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅੱਗੇ ਦੀ ਰਣਨੀਤੀ 'ਤੇ ਚਰਚਾ ਕਰਨ ਲਈ ਰਾਸ਼ਟਰੀ ਰਾਜਧਾਨੀ 'ਚ ਹਨ। **(ਏਜੰਸੀ)**

# ਲੋਕਤੰਤਰ ਬਹਾਲ ਹੋਣ 'ਤੇ ਸ਼ੇਖ ਹਸੀਨਾ ਘਰ ਪਰਤੇਗੀ, ਆਈਐਸਆਈ ਫੈਲਾ ਰਹੀ ਹੈ ਅਸ਼ਾਂਤੀ : ਹਸੀਨਾ ਦੇ ਬੇਟੇ ਨੇ ਕਿਹਾ

**ਕੋਲਕਾਤਾ, 8 ਅਗੱਸਤ :** ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਕੇ ਬੰਗਲਾਦੇਸ਼ ਤੋਂ ਭਾਰਤ ਆਈ ਸ਼ੇਖ ਹਸੀਨਾ ਦੇ ਬੇਟੇ ਸਾਜੀਬ ਵਾਜੇਦ ਜੋਏ ਨੇ ਵੀਰਵਾਰ ਨੂੰ ਕਿਹਾ ਕਿ ਬੰਗਲਾਦੇਸ਼ ਵਿਚ ਲੋਕਤੰਤਰ ਬਹਾਲ ਹੁੰਦੇ ਹੀ ਉਨ੍ਹਾਂ ਦੀ ਮਾਂ ਅਪਣੇ ਦੇਸ਼ ਪਰਤ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦੇਸ਼ ਵਿਚ ਅਸ਼ਾਂਤੀ ਫੈਲਾਉਣ ਵਿਚ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਦਾ ਹੱਥ ਹੈ। ਇਕ ਵਿਸ਼ੇਸ਼ ਇੰਟਰਵਿਊ ਵਿਚ ਜੋਏ ਨੇ ਕਿਹਾ ਕਿ ਹਾਲਾਂਕਿ 76 ਸਾਲਾ ਹਸੀਨਾ ਯਕੀਨੀ ਤੌਰ 'ਤੇ ਬੰਗਲਾਦੇਸ਼ ਵਾਪਸ ਪਰਤੇਗੀ, ਇਹ ਅਜੇ ਤੈਅ ਨਹੀਂ ਹੈ ਕਿ ਉਹ ਸੇਵਾਮੁਕਤ ਨੇਤਾ ਦੇ ਰੂਪ ਵਿਚ ਵਾਪਸ ਆਵੇਗੀ ਜਾਂ ਇਕ ਸਰਗਰਮ ਨੇਤਾ ਦੇ ਰੂਪ ਵਿਚ। ਉਸਨੇ ਇਹ ਵੀ ਕਿਹਾ ਕਿ ਸ਼ੇਖ ਮੁਜੀਬ (ਸ਼ੇਖ ਮੁਜੀਬੁਰ ਰਹਿਮਾਨ) ਦੇ ਪ੍ਰਵਾਰ ਦੇ ਮੈਂਬਰ ਨਾ ਤਾਂ ਅਪਣੇ ਲੋਕਾਂ ਨੂੰ ਛੱਡਣਗੇ ਅਤੇ ਨਾ ਹੀ ਸੰਕਟਗ੍ਰਸਤ ਅਵਾਮੀ ਲੀਗ ਨੂੰ ਬੇਸਹਾਰਾ ਛੱਡਣਗੇ।




ਅਪਣੀ ਮਾਂ ਨੂੰ ਸੁਰੱਖਿਆ ਦੇਣ ਲਈ ਮੋਦੀ ਦਾ ਕੀਤਾ ਧਨਵਾਦ

ਜੋਏ ਨੇ ਅਪਣੀ ਮਾਂ ਦੀ ਸੁਰੱਖਿਆ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦਾ ਧਨਵਾਦ ਕੀਤਾ ਅਤੇ ਭਾਰਤ ਨੂੰ ਅਪੀਲ ਕੀਤੀ ਕਿ ਉਹ ਅੰਤਰਰਾਸ਼ਟਰੀ ਰਾਏ ਬਣਾਉਣ 'ਚ ਮਦਦ ਕਰਨ ਅਤੇ ਬੰਗਲਾਦੇਸ਼ ਵਿਚ ਲੋਕਤੰਤਰ ਦੀ ਬਹਾਲੀ ਲਈ ਦਬਾਅ ਬਣਾਉਣ ਦੀ ਅਪੀਲ ਕੀਤੀ। ਉਸਨੇ ਕਿਹਾ, "ਹਾਂ, ਇਹ ਸੱਚ ਹੈ ਕਿ ਮੈਂ ਕਿਹਾ ਸੀ ਕਿ ਉਹ ਬੰਗਲਾਦੇਸ਼ ਵਾਪਸ ਨਹੀਂ ਆਵੇਗੀ। ਪਰ ਪਿਛਲੇ ਦੋ ਦਿਨਾਂ ਵਿਚ ਦੇਸ਼ ਭਰ ਵਿਚ ਸਾਡੇ ਨੇਤਾਵਾਂ ਅਤੇ ਪਾਰਟੀ ਵਰਕਰਾਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਤੋਂ ਬਾਅਦ ਬਹੁਤ ਕੁਝ ਬਦਲ ਗਿਆ ਹੈ। ਅਸੀਂ ਅਪਣੇ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਜੋ ਵੀ ਕਰਨਾ ਚਾਹੁੰਦੇ ਹਾਂ ਉਹ ਕਰਨ ਜਾ ਰਹੇ ਹਾਂ। ਅਸੀਂ ਉਨ੍ਹਾਂ ਨੂੰ ਇਕੱਲਾ ਨਹੀਂ ਛੱਡਾਂਗੇ।" **(ਏਜੰਸੀ)**

# ਪਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਦਾ 80 ਸਾਲ ਦੀ ਉਮਰ 'ਚ ਦਿਹਾਂਤ

**ਕੋਲਕਾਤਾ, 8 ਅਗੱਸਤ :** ਪਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਬੁੱਧਦੇਵ ਭੱਟਾਚਾਰਆ ਦਾ 80 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪ੍ਰਵਾਰ ਨੇ ਵੀਰਵਾਰ ਨੂੰ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਦੀ ਪੁਸ਼ਟੀ ਕੀਤੀ। ਉਨ੍ਹਾਂ ਨੇ ਕੋਲਕਾਤਾ ਸਥਿਤ ਅਪਣੀ ਰਿਹਾਇਸ਼ 'ਤੇ ਆਖ਼ਰੀ ਸਾਹ ਲਿਆ। ਉਹ ਲੰਮੇ ਸਮੇਂ ਤੋਂ ਬੀਮਾਰ ਸਨ। ਉਨ੍ਹਾਂ ਨੂੰ ਸਾਹ ਲੈਣ ਵਿਚ ਦਿੱਕਤ ਆ ਰਹੀ ਸੀ, ਜਿਸ ਕਾਰਨ ਉਨ੍ਹਾਂ ਨੂੰ ਜੁਲਾਈ 'ਚ ਵੀ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਦਸਣਯੋਗ ਹੈ ਕਿ ਪਛਮੀ ਬੰਗਾਲ ਦੇ ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਨੇ ਐਕਸ 'ਤੇ ਪੋਸਟ ਸਾਂਝੀ ਕਰਦੇ ਕਿਹਾ,"ਉਨ੍ਹਾਂ ਦੇ ਪ੍ਰਵਾਰਕ ਮੈਂਬਰਾਂ ਅਤੇ ਪ੍ਰਸ਼ੰਸਕਾਂ ਦੇ ਪ੍ਰਤੀ ਹਮਦਰਦੀ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਉਨ੍ਹਾਂ ਦੀ ਆਤਮਾ ਨੂੰ ਸਦੀਵੀ ਸ਼ਾਂਤੀ ਮਿਲੇ।" **(ਏਜੰਸੀ)**



pnb Housing Finance Limited Ghar Ki Baat

## ਅਪੈਂਡਿਕਸ IV-A-ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨਾਂਸ਼ੀਅਲ ਅਸੈੱਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ: ਦਫਤਰ: ਨੌਵੀਂ ਮੰਜਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com

ਜਲੰਧਰ ਬਰਾਂਚ : ਪੀਐਨਬੀ ਹਾਊਸਿੰਗ ਫਾਈਨਾਂਸ ਲਿਮ., ਐਸਸੀਓ-44, ਪਹਿਲੀ ਮੰਜ਼ਿਲ, ਪੁੱਡਾ ਕੰਪਲੈਕਸ, ਜਲੰਧਰ-144001, ਪੰਜਾਬ, ਲੁਧਿਆਣਾ ਬਰਾਂਚ : ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ, BXIX, 262/1, ਬੇਦੀ ਇਲੈਕਟ੍ਰੋਨਿਕਸ, ਪਹਿਲੀ ਮੰਜ਼ਿਲ, ਡਾ. ਸ਼ਾਮ ਸਿੰਘ ਰੋਡ, ਫਿਰੋਜ਼ਪੁਰ ਰੋਡ, ਸਾਹਮਣੇ ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ-141001, ਚੰਡੀਗੜ੍ਹ ਬਰਾਂਚ : ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ, ਐਸਸੀਓ 323-324, ਪਹਿਲੀ ਮੰਜ਼ਿਲ ਸੈਕਟਰ 35 ਬੀ, ਚੰਡੀਗੜ੍ਹ - 160035

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ ( ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ 'ਏ' ਵਿਚ ਦਿਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਅਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸਧੇ ਗਏ ਹਨ। ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

| ਲੋਨ ਨੰ, ਕਰਜ਼ਦਾਰ/ਸਹਿ ਕਰਜ਼ਦਾਰ/ਗਰੰਟਰ/ਕਾਨੂੰਨੀ ਵਾਰਸ ਦਾ ਨਾਮ (A) | ਮੰਗੀ ਗਈ ਰਕਮ ਅਤੇ ਮਿਤੀ (B) | ਕਬਜ਼ੇ ਦੀ ਕਿਸਮ (C) | ਗਿਰਵੀ ਜਾਇਦਾਦਾਂ ਦਾ ਵੇਰਵਾ (D) | ਰਾਖਵੀਂ ਕੀਮਤ (ਆਰ.ਪੀ.) (E) | ਈਐਮਡੀ (ਰਾਖਵੀਂ ਕੀਮਤ ਦਾ 10%) (F) | ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ (G) | ਬੋਲੀ ਵਾਧਾ ਦਰ (H) | ਪੜਤਾਲ ਦੀ ਮਿਤੀ ਤੇ ਸਮਾਂ (I) | ਨਿਲਾਮੀ ਦੀ ਮਿਤੀ ਅਤੇ ਸਮਾਂ (J) | ਕੋਈ ਝੰਜਟ/ਕੋਰਟ ਕੇਸ ਜੇ ਹੋਵੇ ਤਾਂ (K) |
|---|---|---|---|---|---|---|---|---|---|---|
| HOU/JAL/0219/654335, ਬਰਾਂਚ ਦਫ਼ਤਰ : ਜਲੰਧਰ, ਕਮਲਜੀਤ ਸਿੰਘ/ ਸ੍ਰੀਮਤੀ ਦਲਬੀਰ ਕੌਰ | Rs. 1835461.42 as on 21.04.2023 | Physical Possession | ਮਕਾਨ ਨ. 81-ਡੀ, ਰਕਬਾ 01 ਮਰਲਾ 193 ਵਰਗ ਫੁੱਟ, ਦਸ਼ਮੇਸ਼ ਨਗਰ, ਬਸਤੀ ਸ਼ੇਖਾਂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਮਿਣਤੀ 20'X20' ਭਾਵ 400 ਵਰਗ ਫੁੱਟ, ਮਰਲਾ 207 ਵਰਗ ਫੁੱਟ ਸ਼ਾਮਲ ਹੈ ਹਦਬਸਤ ਨ. 308, ਖਾਤਾ ਨ. 261/275-276, 262/277, ਖਸਰਾ ਨ. 568 ਮਿਨ, 217/569, 2172/569, 2173/569, 2174/569, 2175/569, 2176/569/2, 2177/569/2, 2178/569/2, 2180/569/1, 2181/569/2, 2766/572 ਮਿਨ, 2767/573 ਮਿਨ, 2768/573, 3110/573, 568 ਮਿਨ, 2759/566, 2760/566/1, 2761/567, 2762/567, 2765/572, 2766/572ਮਿਨ, 2767/573ਮਿਨ, 2768/573ਮਿਨ, 3109/567, 2764/572, 575, ਜਮਾਬੰਦੀ ਸਾਲ2015-16 ਅਨੁਸਾਰ ਟਾਈਟਲ ਡੀਡ ਦਸਤਾਵੇਜ ਨ. 2018-19/187/6325 ਮਿਤੀ 28 ਮਾਰਚ 2019, ਹੱਦਾਂ: ਪੂਰਬ ਮਕਾਨ ਨ. 81-ਈ, ਪੱਛਮ: ਰੋਡ, ਉੱਤਰ: ਮਕਾਨ ਨ. 81-ਸੀ, ਦੱਖਣ: ਹੋਰ। | Rs. 1710000 | Rs. 171000 | 11-09-2024 | Rs. 10,000/- | 22-08-2024 10.00 AM - 5.30 PM | 12-09-2024 12.30 PM - 2.30 PM | Nil / Not Known |
| HOU/JAL/0818/565192, ਬਰਾਂਚ ਦਫ਼ਤਰ : ਜਲੰਧਰ, ਸ੍ਰੀ ਰਾਜ ਕੁਮਾਰ / ਸ੍ਰੀਮਤੀ ਕਿਰਨ ਪਤਨੀ ਰਾਜ ਕੁਮਾਰ | Rs. 1651732.16 as on 22.05.2023 | Physical Possession | ਮਕਾਨ ਸਥਿਤ ਲਸੂੜੀ ਮੋਹੱਲਾ, ਬਸਤੀ ਦਾਨਿਸ਼ ਮੰਦਾ, ਮਿਣਤੀ ਹਿੱਸਾ ਮਕਾਨ 02 ਮਰਲੇ 105.5 ਵ. ਫੁਟ ਭਾਵ 519.5 ਵ. ਫੁਟ (ਮਰਲਾ 207 ਵ. ਫੁਟ) ਮਕਾਨ 05 ਮਰਲੇ 4 ਵ. ਫੁਟ ਦਾ ਹਿੱਸਾ, ਜਮਾਂਬੰਦੀ ਸਾਲ 2012-13 ਖਾਤਾ ਨੰ 550/596, 551/597, ਖਸਰਾ ਨੰ 1154, 1984/1153/2, 1840/1155, 1984/1153/1, 1838/1155 ਦਸਤਾਵੇਜ ਨੰ 2018-19/187/1/1203 ਮਿਤੀ 20-9-2018, ਹੱਦਾਂ : ਪੂਰਬ : ਚਾਂਦ ਰਾਣੀ ਦੇ ਮਕਾਨ ਦਾ ਬਾਕੀ ਹਿੱਸਾ, ਪੱਛਮ : ਸ੍ਰੀਮਤੀ ਸੰਤੋਸ਼ ਦਾ ਮਕਾਨ, ਉਤਰ : ਹੋਰ, ਦੱਖਣ: ਗਲੀ | Rs. 1301000 | Rs. 130100 | 11-09-2024 | Rs. 10,000/- | 22-08-2024 10.00 AM - 5.30 PM | 12-09-2024 12.30 PM - 2.30 PM | Nil / Not Known |
| HOU/JAL/0616/295776, ਬਰਾਂਚ ਦਫ਼ਤਰ : ਜਲੰਧਰ, ਸੁਨੀਲ ਕੁਮਾਰ/ ਸ੍ਰੀਮਤੀ ਮੀਨਾਕਸ਼ੀ ਪਤਨੀ ਸੁਨੀਲ ਕੁਮਾਰ | Rs. 1526369.19 as on 16.07.2021 | Physical Possession | ਜਾਇਦਾਦ ਨ. 42 ਮਿਣਤੀ 3 ਮਰਲੇ 15 ਵਰਗ ਫੁੱਟ (2 ਮਰਲੇ 131 ਵਰਗ ਫੁੱਟ ਅਤੇ 156 ਵਰਗ ਫੁੱਟ) ਪਰਸੂ ਰਾਮ ਨਗਰ, ਜਲੰਧਰ, ਪਿੰਡ ਰੇਰੂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ, ਇੰਡੀਆ, 144001, ਹੱਦਾਂ ਪੂਰਬ ਵੱਲ: ਰੋਡ, ਪੱਛਮ: ਨ. 49, ਉੱਤਰ: ਨ. 23, ਦੱਖਣ: ਹੋਰ ਸਮੇਤ ਖਸਰਾ ਨ. - 1//13, 1//16ਮਿਨ, 1//16ਮਿਨ, 1//6ਮਿਨ, 1//7 ਅਤੇ ਹੋਰ। | Rs. 1570000 | Rs. 157000 | 11-09-2024 | Rs. 10,000/- | 22-08-2024 10.00 AM - 5.30 PM | 12-09-2024 12.30 PM - 2.30 PM | Nil / Not Known |
| HOU/JAL/1221/932965, ਬਰਾਂਚ ਦਫ਼ਤਰ : ਜਲੰਧਰ ਸੁਨੀਤਾ/ਲਲਿਤ | Rs. 1350687.61 as on 07.11.2023 | Physical Possession | ਮਕਾਨ ਸਥਿਤ ਹੈ ਨਿਊ ਕਾਲੋਨੀ, ਪੁਰਾਣਾ ਫਗਵਾੜਾ ਰੋਡ, ਨੇੜੇ ਗੁਰਦੁਆਰਾ ਸਾਹਿਬ ਪਿੰਡ ਨੰਗਲ ਕਰਾਰ ਖਾਨ ਤਹਿਸੀਲ ਤੇ ਜ਼ਿਲ੍ਹਾ ਜਲੰਧਰ ਵਿਖੇ, ਜੋ ਸ਼ਾਮਲ ਹੈ ਵਿਚ ਖਸਰਾ ਨੰ. 4//19/3/1, 4//20/2, 5//15/3, 5//16/1, ਮਕਾਨ ਰਕਬਾ 03 ਮਰਲਾ 12 ਵ. ਫੁੱਟ (ਮਰਲਾ 272 ਵ ਫੁੱਟ) ਦਸਤਜਵੇਜ ਨੰ. 2021-22/186/1/10625 ਮਿਤੀ 03.01.2022 ਨੂੰ ਰਜਿਸਟਰਡ ਹੈ ਸਬ ਰਜਿਸਟਰਾਰ/ਜੁਆਇੰਟ ਸਬ ਰਜਿਸਟਰਾਰ, ਜਲੰਧਰ 1 ਵਿਖੇ ਸ੍ਰੀਮਤੀ ਸੁਨੀਤਾ ਪਤਨੀ ਸਵ. ਸ੍ਰੀ ਕੈਲਾਸ਼ ਕੁਮਾਰ ਦੇ ਪੱਖ ਵਿਚ ਹੱਦ : ਪੂਰਬ : ਖੇਤੀਬਾੜੀ ਜਮੀਨ, ਪੱਛਮ : ਗਲੀ 12' ਚੌੜੀ/16'-6", ਉਤਰ : ਗਲੀ/50' ਅਤੇ ਦੱਖਣ : ਪਲਾਟ ਨੰ. 90/50' | Rs. 931000 | Rs. 93100 | 23-08-2024 | Rs. 10,000/- | 12-08-2024 10.00 AM - 5.30 PM | 24-08-2024 12.30 PM - 2.30 PM | Nil / Not Known |
| HOU/CHD/0419/685249, ਬਰਾਂਚ ਦਫ਼ਤਰ : ਚੰਡੀਗੜ੍ਹ, ਸੰਤੋਸ਼ ਜਗਤਾਪ /ਸੰਦੀਪ ਮਹਿਰਾ (ਗਰੰਟਰ) | Rs. 1330117.27 as on 15.07.2022 | (ਭੌਤਿਕ) | ਫਲੈਟ ਨੰ. 6, ਪਹਿਲੀ ਮੰਜ਼ਿਲ ਮਾ ਸ਼ਿਮਲਾ ਕੰਪਲੈਕਸ, ਸੈਕਟਰ 127, ਖਰੜ, ਮੋਹਾਲੀ, ਪੰਜਾਬ-140301, ਜੋ ਸ਼ਾਮਲ ਹੈ ਵਿਚ ਜਮੀ 0 ਕਨਾਲ 0.58 ਮਰਲਾ (17.77 ਵ. ਗਜ਼), ਖੇਵਟ ਨੰ. 2127, ਖਤੌਨੀ ਨੰ. 2190 ਅਤੇ ਖਸਰਾ ਨੰ. 681/2/2(1-0), 681/2/1(1-1), 681/1/1/2(2-19), 681/1/1(2-13) ਕਿੱਤੇ 4, 881/229500 ਵਾਂ ਹਿੱਸਾ ਰਕਬਾ 7 ਕਨਾਲ 13 ਮਰਲੇ ਦਾ ਬਕਦਰ 0 ਕਨਾਲ 0.58 ਮਰਲਾ, ਵਾਕਿਆ ਰਕਬਾ ਖਾਰਾ, ਹੱਦਬਸਤ ਨੰ. 184, ਦਸਤਾਵੇਜ ਨੰ. 2019-20/15/1/4085 ਮਿਤੀ 26.07.2019 ਨੂੰ | Rs. 1277000 | Rs. 127700 | 23-08-2024 | Rs. 10,000/- | 12-08-2024 10.00 AM - 5.30 PM | 24-08-2024 12.30 PM - 2.30 PM | Nil / Not Known |
| HOU/CHD/0416/282224, ਬਰਾਂਚ ਦਫ਼ਤਰ : ਚੰਡੀਗੜ੍ਹ, ਪਰਵਿੰਦਰ ਸਿੰਘ/ ਨਿਰਮਲਜੀਤ ਕੌਰ | Rs. 3334171.99 as on 26-10-2021 | Physical Possession | ਫਲੈਟ ਨੰ 1018, ਦਸਵੀਂ ਮੰਜ਼ਿਲ, ਟਾਵਰ ਨੰ 4, ਐਸਬੀਪੀ ਨਾਰਥ ਵੈਲੀ, ਸੈਕਟਰ 127, ਖਰੜ, ਪੰਜਾਬ 140301, ਰਕਬਾ ਪਿੰਡ ਸੰਤੇ ਮਾਜਰਾ, ਅੰਦਰਵਾਰ ਨਗਰ ਪਾਲਿਕਾ ਖਰੜ, ਜਮੀਨ ਜੋ ਸ਼ਾਮਲ ਹੈ ਵਿਚ ਖੇਵਟ/ਖਤੌਨੀ ਨੰ. 167/171, ਖਸਰਾ ਨੰ. 26//6(8-0), 7/1/1(3-18), 7/2/1(2-9), 8/1/1(3-6), 9/1/1(1-11), ਕਿੱਤੇ 5, 1/768ਵਾਂ ਹਿੱਸਾ ਰਕਬਾ 9 ਕਨਾਲ 4 ਮਰਲੇ ਦਾ ਬਕਦਰ 0 ਕਨਾਲ 1/2 ਮਰਲੇ ਜਮੀਨ, ਹੱਦਬਸਤ ਨੰ. 186, ਤਹਿਸੀਲ ਖਰੜ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਪਰਵਿੰਦਰ ਸਿੰਘ ਡਡਵਾਲ ਅਤੇ ਨਿਰਮਲਜੀਤ ਕੌਰ ਦੇ ਨਾਂ 'ਤੇ ਸੇਲ ਡੀਡ ਵਸੀਕਾ ਨੰ. 4127 ਮਿਤੀ 05.08.2016 ਨੂੰ | Rs. 3566000 | Rs. 356600 | 23-08-2024 | Rs. 10,000/- | 12-08-2024 10.00 AM - 5.30 PM | 24-08-2024 12.30 PM - 2.30 PM | CC/218/ 2022 at DCDRC Mohali, NDOH: 16.08.2024 |
| NHL/JAL/0421/881577, ਬਰਾਂਚ ਦਫ਼ਤਰ : ਜਲੰਧਰ, ਨੇਹਾ/ ਸ੍ਰੀ ਗੋਬਿੰਦ ਰਾਮ ਅਤੇ ਸ੍ਰੀਮਤੀ ਮਾਰੂਤੀ ਦੇਵੀ | Rs. 996814.91 as on 17-08-2022 | Physical Possession | ਦੁਕਾਨ ਰਕਬਾ 1 ਮਰਲਾ, ਮਰਲਾ 207 ਵ. ਫੁਟ, ਨਿਊ ਵਿਜੇ ਨਗਰ, ਚੱਕ ਹੁਸੈਨਾਂ, ਹੁਸ਼ਿਆਰਪੁਰ ਰੋਡ, ਨੇੜੇ ਇੰਟਰਨੈਸ਼ਨਲ ਸਕੂਲ, ਲੰਬਾ ਪਿੰਡ, ਜਲੰਧਰ ਪੰਜਾਬ 144001, ਜਿਸਦਾ ਹਦਬਸਤ ਨੰ 214, ਖਾਤਾ ਖਤੌਨੀ ਨੰ 1440/1725, 1687/1998 ਖਸਰਾ ਨੰ 422/1, 419/1 ਜਮਾਂਬੰਦੀ ਸਾਲ 2010-2011, ਦਸਤਾਵੇਜ਼ ਨੰ 2021-22/186/1/2658 ਮਿਤੀ 15 ਜੂਨ 2021 ਸ੍ਰੀਮਤੀ ਨੇਹਾ ਦੇ ਪੱਖ ਵਿਚ। ਹੱਦਾਂ : ਪੂਰਬ : ਦੁਕਾਨ ਸੁਭਾਸ਼ ਚੰਦ/23', ਪੱਛਮ :ਕੁਲਦੀਪ ਸਿੰਘ ਦੀ ਦੁਕਾਨ ਦਾ ਬਾਕੀ ਹਿੱਸਾ/23', ਉੱਤਰ : ਐਡਵੋਕੇਟ ਪਰਤਾਪ ਸਿੰਘ ਦਾ ਮਕਾਨ/9', ਦੱਖਣ : ਰੋਡ 30'/9" | Rs. 972000 | Rs. 97200 | 23-08-2024 | Rs. 10,000/- | 12-08-2024 10.00 AM - 5.30 PM | 24-08-2024 12.30 PM - 2.30 PM | Nil / Not Known |
| HOU/LUD/1120/831630, ਬਰਾਂਚ ਦਫ਼ਤਰ : ਲੁਧਿਆਣਾ, ਓਮ ਪ੍ਰਕਾਸ਼ ਮਿਸ਼ਰਾ/ ਸ੍ਰੀਮਤੀ ਸੀਮਾ | Rs. 1318293.06 as on 15.09.2021 | Physical Possession | ਪਲਾਟ ਨੰ. 121, ਅਬਾਦੀ ਹੈਦਰ ਇਨਕਲੇਵ, ਲਾਡੀਆਂ ਕਲਾਂ, ਲੁਧਿਆਣਾ, ਪੰਜਾਬ, ਭਾਰਤ, 141001 | Rs. 1002000 | Rs. 100200 | 23-08-2024 | Rs. 10,000/- | 12-08-2024 10.00 AM - 5.30 PM | 24-08-2024 12.30 PM - 2.30 PM | Nil / Not Known |
| HOU/CHD/0917/428401, ਬਰਾਂਚ ਦਫ਼ਤਰ : ਚੰਡੀਗੜ੍ਹ, ਵਿਨੀਤ ਅਰੋੜਾ / ਸ੍ਰੀਮਤੀ ਕਿਰਨ ਬੇਨੀਵਾਲ ਪਤਨੀ ਵਿਨੀਤ ਅਰੋੜਾ | Rs. 1588790.31 as on 17.09.2018 | Physical Possession | ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਨੰ ਫਲੈਟ ਨੰ 1013, ਬਲਾਕ ਬੀ-004, ਦੂਜੀ ਮੰਜਿਲ, ਵਿਲੋ ਹੋਮਜ਼, ਦਸਮੇਸ਼ ਨਗਰ ਖਰੜ, ਤਹਿਸੀਲ ਖਰੜ ਜ਼ਿਲ੍ਹਾ ਐਸਏਐਸ ਨਗਰ ਪੰਜਾਬ ਜਿਸਦਾ 0 ਕਨਾਲ 1 ਮਰਲਾ, ਖਾਤਾ ਨੰ 2829/2939 ਖਸਰਾ ਨੰ 17//33(3-4) ਜਿਸਦਾ ਹਿੱਸਾ 1/64 ਬਕਦਾਰ 0 ਕਨਾਲ 1 ਮਰਲਾ, ਵਾਰਾ ਰਕਬਾ ਖਰੜ ਹਦਬਸਤ ਨੰ 184 ਤਹਿਸੀਲ ਖਰੜ ਜ਼ਿਲ੍ਹਾ ਐਸਏਐਸ ਨਗਰ ਪੰਜਾਬ ਸੇਲ ਡੀਡ ਮਿਤੀ 12/12/2017 ਅਨੁਸਾਰ ਜਿਸਦਾ ਵਸੀਕਾ ਨੰ 8691 | Rs. 1639000 | Rs. 163900 | 11-09-2024 | Rs. 10,000/- | 22-08-2024 10.00 AM - 5.30 PM | 12-09-2024 12.30 PM - 2.30 PM | Nil / Not Known |
| HOU/CHD/0816/312624, ਬਰਾਂਚ ਦਫ਼ਤਰ : ਚੰਡੀਗੜ੍ਹ, ਰਜਿੰਦਰ ਸਿੰਘ/ਸ੍ਰੀਮਤੀ ਰਣਜੀਤ ਕੌਰ ਪਤਨੀ ਸ੍ਰੀ ਰਜਿੰਦਰ ਸਿੰਘ | Rs. 1573474.38 as on 16.11.2019 | Physical Possession | ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ/ਜਾਇਦਾਦਾਂ : ਫਲੈਟ ਨੰ. 59, ਗਰਾਊਂਡ ਫਲੋਰ, ਬਲਾਕ ਏਬੀ, ਸ਼ਿਵਜੋਤ ਅਪਾਰਟਮੈਂਟਸ ਖਰੜ, ਤਹਿਸੀਲ ਖਰੜ ਜ਼ਿਲ੍ਹਾ ਐਸਏਐਸ ਨਗਰ, ਪੰਜਾਬ, ਪਿੰਨ ਕੋਡ 140301, (ਮਿਣਤੀ ਤੈਦਾਦੀ 0 ਕਨਾਲ 2/3 ਮਰਲਾ, (ਰਕਬਾ 20 ਵ. ਗਜ਼ ਕਵਰਡ ਰਕਬਾ 650 ਵ. ਫੁਟ, ਸ਼ਿਵਜੋਤ ਅਪਾਰਟਮੈਂਟ-ਖਰੜ) ਖੇਵਟ ਨੰ 44, ਖਤੌਨੀ ਨੰ. 45, ਖਸਰਾ ਨੰ 22//2/1/1(2-18) ਵਿਚੋਂ ਜਿਹੜਾ ਕਿ 20/1740ਵਾਂ ਹਿੱਸਾ ਬਕਦਰ 0 ਕਨਾਲ 2/3 ਮਰਲੇ ਵਾਕਿਆ ਅੰਜਲਾ, ਹੱਦਬਸਤ ਨੰ. 182, ਤਹਿਸੀਲ ਖਰੜ ਜ਼ਿਲ੍ਹਾ ਐਸਏਐਸ ਨਗਰ, ਪੰਜਾਬ (ਸੇਲ ਡੀਡ ਮਿਤੀ 22.09.2016 ਤਹਿਤ ਵਸੀਕਾ ਨੰ. 5554 ਸ੍ਰੀਮਤੀ ਰਣਜੀਤ ਕੌਰ ਪਤਨੀ ਸ੍ਰੀ ਰਜਿੰਦਰ ਸਿੰਘ ਦੇ ਪੱਖ ਵਿਚ) | Rs. 1507000 | Rs. 150700 | 11-09-2024 | Rs. 10,000/- | 22-08-2024 10.00 AM - 5.30 PM | 12-09-2024 12.30 PM - 2.30 PM | Nil / Not Known |
| HOU/CHD/0119/637290, ਬਰਾਂਚ ਦਫ਼ਤਰ : ਚੰਡੀਗੜ੍ਹ, ਸੰਜੀਵ ਕੁਮਾਰ/ਸ੍ਰੀਮਤੀ ਰਾਧਾ ਦੇਵੀ ਪਤਨੀ ਸ੍ਰੀ ਸੰਜੀਵ ਕੁਮਾਰ | Rs. 2144316.66 as on 05.07.2021 | Physical Possession | ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਫਲੈਟ ਨੰ 102-ਏ, ਪਹਿਲੀ ਮੰਜ਼ਲ (ਕਵਰਡ ਰਕਬਾ 401 ਵ. ਫੁੱਟ) ਪਿੰਡ ਸਿੰਘਪੁਰਾ ਨੰਗਲਾਂ ਰੋਡ, ਜ਼ੀਰਕਪੁਰ, ਐਮ.ਸੀ .ਅਤੇ ਸਬ ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬਸੀ ਜ਼ਿਲ੍ਹਾ ਮੋਹਾਲੀ, ਪੰਜਾਬ-140603 ਵਿਖੇ ਜੋ ਸ਼ਾਮਲ ਹੈ ਵਿਚ ਖਸਰਾ ਨੰ. 1056/901/799/44(0-10) ਕਿੱਤਾ 1, ਖੇਵਟ ਖਤੌਨੀ ਨੰ. 223/280 ਵਿਚੋਂ ਜਿਹੜਾ ਕਿ ਫਲੋਰ ਹਿੱਸਾ 0 ਬਿਘਾ 0 ਬਿਸਵਾ 8 1/3 ਬਿਸਵਾਸੀ (20.83 ਵ.ਗਜ਼) ਹੱਦਬਸਤ ਨੰ. 43, ਸੇਲ ਡੀਡ ਮਿਤੀ 03 ਅਪ੍ਰੈਲ, 2019 ਤਹਿਤ ਜਿਸਦਾ ਦਸਤਾਵੇਜ ਨੰ. 2019-20/13/1/111 | Rs. 1830000 | Rs. 183000 | 11-09-2024 | Rs. 10,000/- | 22-08-2024 10.00 AM - 5.30 PM | 12-09-2024 12.30 PM - 2.30 PM | Nil / Not Known |
| HOU/CHD/1119/758528, ਬਰਾਂਚ ਦਫ਼ਤਰ : ਚੰਡੀਗੜ੍ਹ ਸਤੀਸ਼ ਕੁਮਾਰ ਦੱਤ/ਸ੍ਰੀਮਤੀ ਗੀਤਾ ਦੱਤ ਪਤਨੀ ਸ੍ਰੀ ਸਤੀਸ਼ ਕੁਮਾਰ ਦੱਤ ਅਤੇ ਸ੍ਰੀ ਸੰਦੀਪ ਕੁਮਾਰ ਦੱਤ ਪੁੱਤਰ ਸ੍ਰੀ ਸਤੀਸ਼ ਕੁਮਾਰ ਦੱਤ ਵੀ ਕੁਮਾਰ | Rs. 1614586.42 as on 15.06.2021 | Physical Possession | ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਨੰ. ਫਲੈਟ ਨੰ 51, ਸਿਖਰਲੀ ਮੰਜ਼ਿਲ, ਬਲਾਕ-1, ਸ਼ਿਵਜੋਤ ਐਨਕਲੇਵ, ਖਰੜ, ਤਹਿਸੀਲ ਖਰੜ ਜ਼ਿਲ੍ਹਾ ਐਸਏਐਸ ਨਗਰ, ਪੰਜਾਬ 140301 ਵਿਖੇ (ਮਿਣਤੀ ਜਿਵੇਂ 0 ਕਨਾਲ 1 ਮਰਲੇ, ਖੇਵਟ ਨੰ. 253, ਖਤੌਨੀ ਨੰ 263, ਖਸਰਾ ਨੰ. 10//25/2(5-11) ਵਿਚੋਂ ਜਿਹੜਾ ਕਿ 1/111ਵਾਂ ਹਿੱਸਾ ਬਕਦਰ 0 ਕਨਾਲ 1 ਮਰਲੇ ਵਾਕਿਆ ਰਕਬਾ ਖਰੜ, ਹੱਦਬਸਤ ਨੰ. 184 | Rs. 1538000 | Rs. 153800 | 11-09-2024 | Rs. 10,000/- | 22-08-2024 10.00 AM - 5.30 PM | 12-09-2024 12.30 PM - 2.30 PM | Nil / Not Known |

* 18% ਸਾਲਾਨਾ ਦੀ ਦਰ ਨਾਲ ਵਿਆਜ਼ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ।

1. ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ।
2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ।
3. ਕਿਰਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੌਂਡ ਦੇ ਰੂਪ ਵਿਚ ਉਸੇ ਦਿਨ (ਸਮੇਤ ਬਿਆਨਾਂ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ ਜਮਾਂ ਕਰਾਉਣਾ ਹੋਵੇਗਾ ਬੋਲੀਕਾਰ ਦੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਵਿਕਰੀ ਰਕਮ ਦਾ 25% ਪ੍ਰਾਪਤ ਹੋਣ ਪਿਛੋਂ ਸਕਿਓਰਡ ਕ੍ਰੈਡੀਟਰ ਵਲੋਂ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(2) ਤਹਿਤ ਕੀਤੀ ਜਾਵੇਗੀ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ।
4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਤੁਸੀਂ ਸ੍ਰੀ ਤਰਸੇਮ ਕੁਮਾਰ, ਸ੍ਰੀ ਅਸ਼ੀਸ਼ ਕੁਮਾਰ ਸ਼ਰਮਾ, ਤਰਸੇਮ ਕੁਮਾਰ, ਕਿਸ਼ੋਰ ਕੁਮਾਰ ਅਧਿਕਾਰਤ ਅਫ਼ਸਰ ਪੀਐਨਬੀਐਚਐਫ਼ਐਲ ਨਾਲ ਸੰਪਰਕ ਕਰੋ ਜਾਂ www.pnbhousing.com ਦਾ ਹਵਾਲਾ ਲਓ।

ਸਥਾਨ : ਪੰਜਾਬ, ਮਿਤੀ : 09.08.2024 ਸਹੀ/- ਅਧਿਕਾਰਤ ਅਫ਼ਸਰ, ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ